Cancer Council

PUNJABI
ਪੰਜਾਬੀ

Questions to Ask Your Doctor

# ਆਪਣੇ ਡਾਕਟਰ ਨੂੰ ਪੁੱਛਣ ਲਈ ਸਵਾਲ

*ਕੈਂਸਰ ਤੋਂ ਪ੍ਰਭਾਵਿਤ ਲੋਕਾਂ ਲਈ ਗਾਈਡ*

**ਇਹ ਪਤਾ ਲੱਗਣਾ ਕਿ ਤੁਹਾਨੂੰ ਕੈਂਸਰ ਹੈ, ਬਿਹਬਲ ਕਰਨ ਵਾਲਾ ਮਹਿਸੂਸ ਹੋ ਸਕਦਾ ਹੈ। ਇਹ ਤੱਥ ਸ਼ੀਟ ਕੁਝ ਸਵਾਲਾਂ ਦਾ ਸੁਝਾਅ ਦਿੰਦੀ ਹੈ ਜੋ ਤੁਸੀਂ ਆਪਣੀ ਕੈਂਸਰ ਦੀ ਸੰਭਾਲ ਟੀਮ ਨੂੰ ਪੁੱਛਣਾ ਪਸੰਦ ਕਰ ਸਕਦੇ ਹੋ।**

## ਆਪਣੇ ਡਾਕਟਰ ਨੂੰ ਪੁੱਛਣ ਲਈ ਸਵਾਲ

ਜਿੰਨੇ ਵੀ ਸਵਾਲ ਤੁਸੀਂ ਪੁੱਛਣਾ ਚਾਹੁੰਦੇ ਹੋ, ਪੁੱਛੋ। ਆਪਣੇ ਸਵਾਲਾਂ ਦੇ ਜਵਾਬ ਹਾਸਲ ਕਰਨਾ ਤੁਹਾਨੂੰ ਸੂਚਿਤ ਫ਼ੈਸਲੇ ਲੈਣ ਵਿੱਚ ਮਦਦ ਕਰਦਾ ਹੈ।

### ਤੁਹਾਡੀ ਬਿਮਾਰੀ

- ਮੈਨੂੰ ਕਿਹੜਾ ਕੈਂਸਰ ਹੋਇਆ ਹੈ?
- ਕੀ ਕੈਂਸਰ ਫ਼ੈਲ ਗਿਆ ਹੈ? ਜੇ ਅਜਿਹਾ ਹੋਇਆ ਹੈ, ਤਾਂ ਇਹ ਕਿੱਥੇ ਫ਼ੈਲਿਆ ਹੈ? ਇਹ ਕਿੰਨੀ ਤੇਜ਼ੀ ਨਾਲ ਵੱਧ ਰਿਹਾ ਹੈ?
- ਕੈਂਸਰ ਕਿਹੜਾ ਪੜਾਅ ਦਾ ਹੈ? ਇਸ ਦਾ ਕੀ ਅਰਥ ਹੈ?
- ਇਸ ਕਿਸਮ ਦੇ ਕੈਂਸਰ ਲਈ ਕਿਹੜੇ ਨਵੀਨਤਮ ਟੈਸਟ ਅਤੇ ਇਲਾਜ ਹਨ? ਮੈਂ ਇਹ ਇਲਾਜ ਕਿੱਥੋਂ ਪ੍ਰਾਪਤ ਕਰ ਸਕਦਾ ਹਾਂ?
- ਮੈਂ ਕਿਹੜੇ ਡਾਕਟਰੀ ਪੇਸ਼ੇਵਰਾਂ ਨੂੰ ਮਿਲਾਂਗਾ?
- ਕੀ ਉਹਨਾਂ ਲੋਕਾਂ ਵਾਸਤੇ ਕੋਈ ਕੈਂਸਰ ਸਹਾਇਤਾ ਸਮੂਹ ਹੈ ਜੋ ਮੇਰੀ ਭਾਸ਼ਾ ਬੋਲਦੇ ਹਨ?

### ਟੈਸਟ ਕਰਵਾਉਣੇ

- ਮੇਰੇ ਕਿਹੜੇ ਟੈਸਟ ਕਰਵਾਏ ਜਾਣਗੇ? ਟੈਸਟਾਂ ਵਿੱਚ ਕੀ ਸ਼ਾਮਲ ਹੁੰਦਾ ਹੈ?
- ਟੈਸਟ ਦੇ ਨਤੀਜੇ ਸਾਨੂੰ ਕੀ ਦੱਸਣਗੇ? ਨਤੀਜੇ ਉਸ ਇਲਾਜ ਦੀ ਕਿਸਮ ਨੂੰ ਕਿਵੇਂ ਪ੍ਰਭਾਵਿਤ ਕਰਨਗੇ ਜਿਸ ਦੀ ਮੈਨੂੰ ਪੇਸ਼ਕਸ਼ ਕੀਤੀ ਜਾਂਦੀ ਹੈ?
- ਇਹਨਾਂ ਟੈਸਟਾਂ ਨੂੰ ਕਰਵਾਉਣ ਦੇ ਕੀ ਫ਼ਾਇਦੇ ਅਤੇ ਖ਼ਤਰੇ ਹਨ?

### ਇਲਾਜ ਬਾਰੇ

- ਕੀ ਤੁਸੀਂ ਮੇਰੀ ਇਲਾਜ ਦੀ ਯੋਜਨਾ ਬਾਰੇ ਦੱਸ ਸਕਦੇ ਹੋ? ਇਲਾਜ ਦਾ ਉਦੇਸ਼ ਕੀ ਹੈ?
- ਕੀ ਮੈਂ ਇਲਾਜ ਦੇ ਦੌਰਾਨ ਕੰਮ ਕਰਨ ਦੇ ਯੋਗ ਹੋਵਾਂਗਾ?
- ਜੇ ਇਹ ਇਲਾਜ ਕੰਮ ਨਹੀਂ ਕਰਦਾ ਤਾਂ ਕੀ ਹੁੰਦਾ ਹੈ?
- ਮੇਰਾ ਇਲਾਜ ਕਦੋਂ ਤੱਕ ਚੱਲੇਗਾ?
- ਮੇਰਾ ਇਲਾਜ ਕਿੱਥੇ ਹੋਵੇਗਾ?
- ਮੈਨੂੰ ਕਿਵੇਂ ਪਤਾ ਲੱਗੇਗਾ ਕਿ ਇਲਾਜ ਕੰਮ ਕਰ ਰਿਹਾ ਹੈ? ਮੈਨੂੰ ਕਦੋਂ ਪਤਾ ਲੱਗ ਸਕਦਾ ਹੈ?
- ਇਲਾਜ 'ਤੇ ਕਿੰਨਾ ਖ਼ਰਚਾ ਆਵੇਗਾ? ਕੀ ਇਹ ਮੈਡੀਕੇਅਰ ਜਾਂ ਪ੍ਰਾਈਵੇਟ ਹੈਲਥ ਕਵਰ ਦੁਆਰਾ ਕਵਰ ਕੀਤਾ ਜਾਂਦਾ ਹੈ?
- ਕੈਂਸਰ ਦੇ ਜਨਤਕ ਅਤੇ ਪ੍ਰਾਈਵੇਟ ਇਲਾਜ ਵਿੱਚ ਕੀ ਫ਼ਰਕ ਹੈ?
- ਕੀ ਮੈਂ ਦੂਜੀ ਡਾਕਟਰੀ ਰਾਏ ਲੈ ਸਕਦਾ ਹਾਂ?
- ਜੇ ਇਹ ਇਲਾਜ ਕੰਮ ਨਹੀਂ ਕਰਦਾ ਤਾਂ ਕੀ ਹੁੰਦਾ ਹੈ?

### ਸੰਭਾਵੀ ਮਾੜੇ ਪ੍ਰਭਾਵ

- ਹਰੇਕ ਇਲਾਜ ਦੇ ਸੰਭਾਵੀ ਮਾੜੇ ਪ੍ਰਭਾਵ ਕੀ ਹਨ? ਇਨ੍ਹਾਂ ਦਾ ਪ੍ਰਬੰਧਨ ਕਿਵੇਂ ਕੀਤਾ ਜਾ ਸਕਦਾ ਹੈ?
- ਮਾੜੇ ਪ੍ਰਭਾਵ ਕਿੰਨੇ ਸਮੇਂ ਤੱਕ ਰਹਿਣਗੇ?
- ਕੀ ਮਾੜੇ ਪ੍ਰਭਾਵਾਂ ਵਿੱਚ ਸੁਧਾਰ ਹੋਵੇਗਾ ਜਾਂ ਸਥਾਈ ਰਹਿਣਗੇ?
- ਜੇ ਮੇਰੇ ਉਪਰ ਮਾੜੇ ਪ੍ਰਭਾਵ ਪੈਂਦੇ ਹਨ ਤਾਂ ਇਲਾਜ ਦੌਰਾਨ ਮੈਂ ਕਿਸ ਨਾਲ ਗੱਲ ਕਰ ਸਕਦਾ ਹਾਂ?
- ਕਿਹੜੇ ਮਾੜੇ ਪ੍ਰਭਾਵ ਹਨ ਜਿਨ੍ਹਾਂ ਬਾਰੇ ਮੈਨੂੰ ਆਪਣੀ ਇਲਾਜ ਟੀਮ ਨੂੰ ਤੁਰੰਤ ਦੱਸਣਾ ਚਾਹੀਦਾ ਹੈ?
- ਕੀ ਮਾੜੇ ਪ੍ਰਭਾਵਾਂ ਨੂੰ ਰੋਕਣ ਜਾਂ ਘੱਟ ਕਰਨ ਲਈ ਮੈਂ ਕੋਈ ਦਵਾਈਆਂ ਲੈ ਸਕਦਾ ਹਾਂ?
- ਕੀ ਕੋਈ ਹੋਰ ਥਰੈਪੀਆਂ ਹਨ ਜੋ ਮੇਰੀ ਮਦਦ ਕਰ ਸਕਦੀਆਂ ਹਨ?

### ਇਲਾਜ ਖ਼ਤਮ ਹੋਣ ਤੋਂ ਬਾਅਦ

- ਇਲਾਜ ਖ਼ਤਮ ਹੋਣ ਤੋਂ ਬਾਅਦ ਮੈਨੂੰ ਕਿੰਨੀ ਕੁ ਵਾਰ ਜਾਂਚ ਕਰਵਾਉਣ ਦੀ ਲੋੜ ਪਵੇਗੀ?
- ਜਾਂਚ ਕਰਨ (ਚੈੱਕ-ਅੱਪ) ਵਾਲੀਆਂ ਮੁਲਾਕਾਤਾਂ ਲਈ ਮੈਨੂੰ ਕਿਸ ਕੋਲ ਜਾਣਾ ਚਾਹੀਦਾ ਹੈ?
- ਜੇ ਕੈਂਸਰ ਵਾਪਸ ਆ ਜਾਂਦਾ ਹੈ, ਤਾਂ ਮੈਨੂੰ ਕਿਵੇਂ ਪਤਾ ਲੱਗੇਗਾ? ਮੈਂ ਕਿਹੜੇ ਇਲਾਜ ਕਰਵਾ ਸਕਦਾ ਹਾਂ?

### ਜੇ ਵਿਕਸਤ ਹੋਏ (ਐਡਵਾਂਸਡ) ਕੈਂਸਰ ਦੀ ਪਛਾਣ ਕੀਤੀ ਜਾਂਦੀ ਹੈ

- ਐਡਵਾਂਸਡ ਕੈਂਸਰ ਦੇ ਇਲਾਜ ਦਾ ਉਦੇਸ਼ ਕੀ ਹੈ?
- ਕੀ ਕੋਈ ਨਵੇਂ ਇਲਾਜ ਹਨ ਜੋ ਮੈਂ ਅਜ਼ਮਾ ਸਕਦਾ ਹਾਂ? ਕੀ ਉਹ ਮੇਰੇ ਬਿਹਤਰ ਹੋਣ ਦੇ ਮੌਕੇ ਵਿੱਚ ਸੁਧਾਰ ਕਰਨਗੇ?
- ਆਪਣੇ ਲੱਛਣਾਂ ਤੋਂ ਛੁਟਕਾਰਾ ਪਾਉਣ ਲਈ ਮੈਂ ਕਿਹੜੇ ਇਲਾਜ ਜਾਂ ਦੇਖਭਾਲ ਕਰਵਾ ਸਕਦਾ ਹਾਂ?
- ਜੇ ਮੇਰਾ ਪਰਿਵਾਰ ਅਤੇ ਦੋਸਤ ਘਰ ਵਿੱਚ ਹੀ ਮੇਰੀ ਦੇਖਭਾਲ ਕਰਦੇ ਹਨ ਤਾਂ ਉਹ ਕਿਹੜੀ ਮਦਦ ਪ੍ਰਾਪਤ ਕਰ ਸਕਦੇ ਹਨ?
- ਕੀ ਤੁਸੀਂ ਮੇਰੇ ਪਰਿਵਾਰ ਨਾਲ ਇਸ ਬਾਰੇ ਗੱਲ ਕਰਨ ਵਿੱਚ ਮੇਰੀ ਮਦਦ ਕਰ ਸਕਦੇ ਹੋ ਕਿ ਕੀ ਚੱਲ ਰਿਹਾ ਹੈ?

## ਆਪਣੇ ਡਾਕਟਰ ਨਾਲ ਕਿਵੇਂ ਗੱਲ ਕਰਨੀ ਹੈ

ਇਲਾਜ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਆਪਣੇ ਡਾਕਟਰ ਨਾਲ ਤੁਹਾਡੀਆਂ ਮੁਲਾਕਾਤਾਂ ਦਾ ਵੱਧ ਤੋਂ ਵੱਧ ਲਾਹਾ ਉਠਾਉਣ ਲਈ, ਤੁਸੀਂ:

**ਲੰਮੀ ਮੁਲਾਕਾਤ ਬੁੱਕ ਕਰੋ**
ਜੇ ਤੁਹਾਡੇ ਕੋਲ ਵਿਚਾਰ-ਵਟਾਂਦਰਾ ਕਰਨ ਲਈ ਕਈ ਮੁੱਦੇ ਹਨ ਤਾਂ ਇੱਕ ਲੰਬੀ ਮੁਲਾਕਾਤ ਦੀ ਬੇਨਤੀ ਕਰੋ।

**ਸਵਾਲਾਂ ਦੀ ਸੂਚੀ ਬਣਾਓ**
ਮੁਲਾਕਾਤ ਤੋਂ ਪਹਿਲਾਂ ਆਪਣੇ ਸਵਾਲਾਂ ਨੂੰ ਲਿਖ ਲਓ।

**ਸਹਾਇਤਾ ਕਰਨ ਵਾਲੇ ਵਿਅਕਤੀ ਨੂੰ ਨਾਲ ਲੈ ਜਾਓ**
ਸਹਾਇਤਾ ਵਾਸਤੇ, ਜਾਂ ਜਾਣਕਾਰੀ ਲਿਖਣ ਲਈ ਪਰਿਵਾਰ ਦੇ ਕਿਸੇ ਜੀਅ ਜਾਂ ਦੋਸਤ ਨੂੰ ਨਾਲ ਲੈ ਕੇ ਆਓ।

**ਗੱਲਬਾਤ ਨੂੰ ਰਿਕਾਰਡ ਕਰੋ**
ਆਪਣੇ ਡਾਕਟਰ ਨੂੰ ਪੁੱਛੋ ਕਿ ਕੀ ਤੁਸੀਂ ਗੱਲਬਾਤ ਰਿਕਾਰਡ ਕਰ ਸਕਦੇ ਹੋ।

**ਹੋਰ ਜਾਣਕਾਰੀ ਪ੍ਰਾਪਤ ਕਰੋ**
ਪੁੱਛੋ ਕਿ ਟੈਸਟਾਂ ਅਤੇ ਇਲਾਜਾਂ ਬਾਰੇ ਵਧੇਰੇ ਜਾਣਕਾਰੀ ਕਿੱਥੋਂ ਲੱਭਣੀ ਹੈ।

**ਦੁਭਾਸ਼ੀਏ ਦੀ ਮੰਗ ਕਰੋ**
ਪਤਾ ਕਰੋ ਕਿ ਕੀ ਤੁਹਾਡਾ ਡਾਕਟਰ ਦੁਭਾਸ਼ੀਏ ਦਾ ਇੰਤਜ਼ਾਮ ਕਰ ਸਕਦਾ ਹੈ।

## ਕਲੀਨਿਕੀ ਅਜ਼ਮਾਇਸ਼ ਵਿੱਚ ਸ਼ਾਮਲ ਹੋਣਾ

ਤੁਹਾਡੀ ਡਾਕਟਰੀ ਟੀਮ ਤੁਹਾਨੂੰ ਕਿਸੇ ਕਲੀਨਿਕੀ ਅਜ਼ਮਾਇਸ਼ ਵਿੱਚ ਹਿੱਸਾ ਲੈਣ ਦਾ ਸੁਝਾਅ ਦੇ ਸਕਦੀ ਹੈ। ਕਲੀਨਿਕੀ ਅਜ਼ਮਾਇਸ਼ਾਂ ਨਵੇਂ ਜਾਂ ਸੋਧੇ ਹੋਏ ਇਲਾਜਾਂ ਅਤੇ ਬਿਮਾਰੀ ਦੀ ਪਛਾਣ ਕਰਨ ਦੇ ਤਰੀਕਿਆਂ ਦੀ ਜਾਂਚ ਕਰਦੀਆਂ ਹਨ। ਕਲੀਨਿਕੀ ਅਜ਼ਮਾਇਸ਼ਾਂ ਬਾਰੇ ਪੁੱਛੇ ਜਾਣ ਵਾਲੇ ਸਵਾਲਾਂ ਵਿੱਚ ਸ਼ਾਮਲ ਹਨ:

- ਕਲੀਨਿਕੀ ਅਜ਼ਮਾਇਸ਼ ਵਿੱਚ ਹਿੱਸਾ ਲੈਣ ਦਾ ਕੀ ਮਤਲਬ ਹੈ?
- ਕੀ ਮੇਰੇ ਲਈ ਕੋਈ ਕਲੀਨਿਕੀ ਅਜ਼ਮਾਇਸ਼ਾਂ ਢੁੱਕਵੀਆਂ ਹਨ?
- ਕਲੀਨਿਕੀ ਅਜ਼ਮਾਇਸ਼ ਵਿੱਚ ਹਿੱਸਾ ਲੈਣ ਵਜੋਂ ਮੈਨੂੰ ਕੀ ਕਰਨਾ ਪਵੇਗਾ?
- ਮੇਰੇ ਲਈ ਕੀ ਫ਼ਾਇਦੇ ਅਤੇ ਖ਼ਤਰੇ ਹਨ?
- ਕੀ ਮੈਨੂੰ ਕਿਸੇ ਕਲੀਨਿਕੀ ਅਜ਼ਮਾਇਸ਼ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰਨ ਦਾ ਅਧਿਕਾਰ ਹੈ?
- ਕੀ ਮੈਂ ਕਿਸੇ ਵੀ ਸਮੇਂ ਕਲੀਨਿਕੀ ਅਜ਼ਮਾਇਸ਼ ਤੋਂ ਪਿੱਛੇ ਹੱਟ ਸਕਦਾ ਹਾਂ?
- ਕੀ ਇਹ ਅਧਿਐਨ ਮੇਰੇ ਲਈ ਜਾਂ ਹੋਰਨਾਂ ਲਈ ਮਹੱਤਵਪੂਰਨ ਹਨ?

## ਆਪਣੀ ਭਾਸ਼ਾ ਵਿੱਚ ਮਦਦ ਅਤੇ ਜਾਣਕਾਰੀ ਕਿੱਥੋਂ ਪ੍ਰਾਪਤ ਕਰਨੀ ਹੈ

- **Cancer Council ਨੂੰ 13 11 20 'ਤੇ ਫ਼ੋਨ ਕਰੋ।** ਅਸੀਂ ਤੁਹਾਨੂੰ ਦੁਭਾਸ਼ੀਆ ਸੇਵਾਵਾਂ ਨਾਲ ਜੋੜ ਸਕਦੇ ਹਾਂ ਅਤੇ ਤੁਹਾਡੀ ਭਾਸ਼ਾ ਵਿੱਚ ਸਰੋਤ ਪ੍ਰਦਾਨ ਕਰਵਾ ਸਕਦੇ ਹਾਂ।
- **TIS ਨੈਸ਼ਨਲ ਨੂੰ 131 450 'ਤੇ ਫ਼ੋਨ ਕਰੋ।** ਇਹ ਮੁਫ਼ਤ ਦੁਭਾਸ਼ੀਆ ਸੇਵਾ ਹੈ ਜੋ ਤੁਹਾਨੂੰ ਦੁਭਾਸ਼ੀਏ ਨਾਲ ਜੋੜ ਸਕਦੀ ਹੈ ਜਿਸ ਦੀ ਵਰਤੋਂ ਤੁਸੀਂ ਆਪਣੀਆਂ ਡਾਕਟਰੀ ਮੁਲਾਕਾਤਾਂ ਵਾਸਤੇ ਜਾਂ Cancer Council ਨਾਲ ਸੰਪਰਕ ਕਰਨ ਲਈ ਕਰ ਸਕਦੇ ਹੋ।

► **How to find this resource in English and other languages.**
Visit our multilingual hub at cancercouncil.com.au/multilingual or scan this QR code.

SCAN ME

**ਧੰਨਵਾਦ**
ਇਸ ਤੱਥ ਸ਼ੀਟ ਨੂੰ Cancer Council NSW ਦੁਆਰਾ Cancer Council Australia ਦੀ ਕੈਂਸਰ ਨੂੰ ਸਮਝਣ ਵਾਲੀ ਲੜੀ ਦੀ ਜਾਣਕਾਰੀ ਦੀ ਵਰਤੋਂ ਕਰਦਿਆਂ ਸਰੋਤ ਸਮੱਗਰੀ ਵਜੋਂ ਵਿਕਸਤ ਕੀਤਾ ਗਿਆ ਹੈ। ਅਸੀਂ ਸਿਹਤ ਪੇਸ਼ੇਵਰਾਂ ਅਤੇ ਵਰਤਣ ਵਾਲਿਆਂ ਦਾ ਧੰਨਵਾਦ ਕਰਨਾ ਚਾਹਾਂਗੇ ਜਿੰਨ੍ਹਾਂ ਨੇ ਇਸ ਜਾਣਕਾਰੀ 'ਤੇ ਕੰਮ ਕੀਤਾ ਹੈ।

ਇਸ ਤੱਥ ਸ਼ੀਟ ਲਈ ਮਾਹਰ ਅਤੇ ਖ਼ਪਤਕਾਰ ਸਮੀਖਿਅਕਾਂ ਦੀ ਸੂਚੀ ਲਈ ਸਾਡੀ ਵੈੱਬਸਾਈਟ ਵੇਖੋ।

**ਪਾਠਕ ਚੇਤੇ ਰੱਖਣ**
ਆਪਣੀ ਸਿਹਤ ਨੂੰ ਪ੍ਰਭਾਵਿਤ ਕਰਨ ਵਾਲੇ ਮਾਮਲਿਆਂ ਬਾਰੇ ਹਮੇਸ਼ਾ ਆਪਣੇ ਡਾਕਟਰ ਨਾਲ ਸਲਾਹ-ਮਸ਼ਵਰਾ ਕਰੋ। ਇਸ ਤੱਥ ਸ਼ੀਟ ਦਾ ਇਰਾਦਾ ਇੱਕ ਆਮ ਜਾਣਕਾਰੀ ਦੇਣਾ ਹੈ ਅਤੇ ਇਹ ਪੇਸ਼ੇਵਰਾਨਾ ਡਾਕਟਰੀ, ਕਾਨੂੰਨੀ ਜਾਂ ਵਿੱਤੀ ਸਲਾਹ ਦਾ ਬਦਲ ਨਹੀਂ ਹੈ। ਡਾਕਟਰੀ ਅਤੇ ਖੋਜ ਕਰਨ ਵਾਲੇ ਭਾਈਚਾਰਿਆਂ ਦੁਆਰਾ ਕੈਂਸਰ ਬਾਰੇ ਜਾਣਕਾਰੀ ਨੂੰ ਲਗਾਤਾਰ ਨਵਿਆਇਆ ਅਤੇ ਸੋਧਿਆ ਜਾ ਰਿਹਾ ਹੈ। ਹਾਲਾਂਕਿ ਪ੍ਰਕਾਸ਼ਨ ਕਰਨ ਦੇ ਸਮੇਂ ਸ਼ੁੱਧਤਾ ਨੂੰ ਯਕੀਨੀ ਬਣਾਉਣ ਲਈ ਧਿਆਨ ਰੱਖਿਆ ਜਾਂਦਾ ਹੈ, ਪਰ Cancer Council Australia ਅਤੇ ਇਸ ਦੇ ਮੈਂਬਰ ਇਸ ਤੱਥ ਸ਼ੀਟ ਵਿੱਚ ਪ੍ਰਦਾਨ ਕੀਤੀ ਜਾਣਕਾਰੀ ਦੀ ਵਰਤੋਂ ਜਾਂ ਇਸ 'ਤੇ ਨਿਰਭਰ ਹੋਣ ਕਰਕੇ ਲੱਗੀ ਕਿਸੇ ਵੀ ਸੱਟ, ਨੁਕਸਾਨ ਜਾਂ ਘਾਟੇ ਵਾਸਤੇ ਸਾਰੀਆਂ ਦੇਣਦਾਰੀਆਂ ਤੋਂ ਆਪਣੇ ਆਪ ਨੂੰ ਬਾਹਰ ਰੱਖਦੇ ਹਨ।

**ਇਸ ਅਨੁਵਾਦ ਨੂੰ NSW ਦੇ ਲੋਕਾਂ ਦੀ ਉਦਾਰਤਾ ਦੁਆਰਾ ਮਾਲੀ ਸਹਾਇਤਾ ਦਿੱਤੀ ਗਈ ਹੈ। Cancer Council ਦੀ ਸਹਾਇਤਾ ਕਰਨ ਲਈ, 1300 780 113 'ਤੇ ਫ਼ੋਨ ਕਰੋ, ਜਾਂ cancercouncil.com.au 'ਤੇ ਜਾਓ।**

*Cancer Council NSW ਆਸਟ੍ਰੇਲੀਆ ਭਰ ਵਿੱਚ ਦੇਸ਼ ਦੇ ਰਵਾਇਤੀ ਰਖਵਾਲਿਆਂ ਨੂੰ ਮਾਨਤਾ ਦਿੰਦੀ ਹੈ ਅਤੇ ਜ਼ਮੀਨਾਂ, ਪਾਣੀਆਂ ਅਤੇ ਭਾਈਚਾਰਿਆਂ ਨਾਲ ਨਿਰੰਤਰ ਸੰਬੰਧਾਂ ਨੂੰ ਸਵੀਕਾਰ ਕਰਦੀ ਹੈ। ਅਸੀਂ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਸਭਿਆਚਾਰਾਂ ਅਤੇ ਉਨ੍ਹਾਂ ਦੇ ਅਤੀਤ ਅਤੇ ਵਰਤਮਾਨ ਦੇ ਬਜ਼ੁਰਗਾਂ ਨੂੰ ਆਪਣਾ ਸਤਿਕਾਰ ਭੇਟ ਕਰਦੇ ਹਾਂ।*

Cancer Council

CAN26633 06/25 © Cancer Council Australia 2025